# 17

# ਸ਼ਗਿਰਦੀ ਲਈ ਸੱਦਾ

## ਲੂਕਾ 5:1-11, ਇਕ ਠੋਸ ਝਾਤ

ਬਾਈਬਲ ਵਿਚ ਯਿਸੂ ਦੇ ਮਗਰ ਚੱਲਣ ਵਾਲੇ ਲਈ ਵਰਤਿਆ ਜਾਣ ਵਾਲਾ ਸਭ ਤੋਂ ਮਸ਼ਹੂਰ ਸ਼ਬਦ ''ਚੇਲਾ'' ਜਾਂ ਸ਼ਗਿਰਦ ਹੀ ਹੈ (ਮੱਤੀ 5:1; 8:21, 23; 9:19; ਰਸੂਲਾਂ ਦੇ ਕੰਮ 6:1, 2, 7; 9:1)। ''ਚੇਲਾ'' ਇਕ ਯੂਨਾਨੀ ਸ਼ਬਦ ਦਾ ਅਨੁਵਾਦ ਹੈ, ਜਿਸ ਦਾ ਅਰਥ ਹੈ ''ਸਿੱਖਣ ਵਾਲਾ, ਜਾਂ ਸ਼ਗਿਰਦ।''[1] ਪੂਰੇ ਅਰਥ ਵਿਚ ਚੇਲਾ ਉਸੇ ਨੂੰ ਆਖਿਆ ਗਿਆ ਸੀ, ਜੋ ਗੁਰੂ ਦੇ ਮਗਰ ਚੱਲਦਾ (ਮੱਤੀ 16:24), ਗੁਰੂ ਤੋਂ ਸਿੱਖਦਾ (ਮੱਤੀ 11:29), ਅਤੇ ਗੁਰੂ ਦੀਆਂ ਗੱਲਾਂ ਨੂੰ ਮੰਨਦਾ ਸੀ (ਯੂਹੰਨਾ 8:31)। ਗੁਰੂ ਅਤੇ ਚੇਲੇ ਵਿਚ ਨਜ਼ਦੀਕੀ ਸਬੰਧ ਪਾਇਆ ਜਾਂਦਾ ਹੈ। ਅਸਲੀ ਚੇਲਾ ਆਪਣੇ ਗੁਰੂ ਵਰਗਾ ਹੀ ਬਣ ਜਾਂਦਾ ਸੀ (ਮੱਤੀ 10:25)।

''ਸ਼ਗਿਰਦੀ ਲਈ ਸੱਦਾ'' ਤੇ ਇਹ ਸਰਮਨ ਲੂਕਾ 5:1–11 ਵਿੱਚੋਂ ਲਿਆ ਗਿਆ ਹੈ,[2] ਜੋ ਉਸ ਮੌਕੇ ਬਾਰੇ ਦੱਸਦਾ ਹੈ, ਜਦ ਯਿਸੂ ਨੇ ਪਤਰਸ ਅਤੇ ਉਸ ਦੇ ਦੋਸਤਾਂ ਨੂੰ ਬੁਲਾਇਆ ਸੀ। ਇਸ ਅਧਿਐਨ ਵਿਚ ਅਸੀਂ ਚੇਲੇ ਬਣਨ ਦੀਆਂ ਸ਼ਰਤਾਂ ਬਾਰੇ ਜਾਣਾਂਗੇ।

### ਕੁਝ ਸਿੱਖਣਾ ਜ਼ਰੂਰੀ ਹੈ (ਆਇਤਾਂ 1-3)

ਯਿਸੂ ਦਾ ਚੇਲਾ ਬਣਨਾ ਹੋਵੇ, ਤਾਂ ਤੁਹਾਡੇ ਲਈ ਕੁਝ ਸਿੱਖਣਾ ਵੀ ਲਾਜ਼ਮੀ ਹੈ। ਤੁਹਾਨੂੰ ਪ੍ਰਭੂ ਵੱਲੋਂ ਹਦਾਇਤਾਂ ਪਾਉਣ ਲਈ ਤਿਆਰ ਰਹਿਣਾ ਜ਼ਰੂਰੀ ਹੈ। ਕਈਆਂ ਦੀ ਸੋਚ ਹੁੰਦੀ ਹੈ ਕਿ ਉਹ ਸਭ ਕੁਝ ਜਾਣਦੇ ਹਨ, ''*ਮੈਨੂੰ* ਸਿੱਖਿਆ ਦੇਣ ਵਾਲਾ ਪੈਦਾ ਹੀ ਨਹੀਂ ਹੋਇਆ।'' ਜਦ ਤਕ ਤੁਸੀਂ ਸੁਣਨ ਅਤੇ ਸਿੱਖਣ ਨੂੰ ਤਿਆਰ ਨਹੀਂ ਹੋ ਤਦ ਤਕ ਤੁਸੀਂ ਮਸੀਹ ਦੇ ਚੇਲੇ ਨਹੀਂ ਬਣ ਸਕਦੇ ਹੋ। ਵਚਨ ਦੇ ਇਸ ਹਵਾਲੇ ਵਿਚ ਇਸੇ ਗੱਲ ਦਾ ਮਹੱਤਵ ਵੇਖਿਆ ਜਾਵੇਗਾ।

ਕਹਾਣੀ ਦੇ ਸ਼ੁਰੂ ਵਿਚ, ਯਿਸੂ ਗਲੀਲ ਦੀ ਝੀਲ ਦੇ ਕੰਢੇ ਪ੍ਰਚਾਰ ਕਰ ਰਿਹਾ ਸੀ।[3] ਨੇੜੇ ਹੀ ਸ਼ਮਊਨ ਪਤਰਸ ਸੀ, ਜਿਹੜਾ ਆਪਣੀ ਬੇੜੀ ਕੋਲ ਜਾਲ ਸਾਫ਼ ਨੂੰ ਕਰ ਰਿਹਾ ਸੀ। ਉਸਨੇ ਅਤੇ ਉਸਦੇ ਸਾਥੀਆਂ ਨੇ ਸਾਰੀ ਰਾਤ ਮੱਛੀਆਂ ਫੜ੍ਹਦਿਆਂ ਕੱਟੀ ਸੀ। ਉਨ੍ਹਾਂ ਨੂੰ ਮੱਛੀ ਤਾਂ ਕੋਈ ਨਹੀਂ ਲੱਭੀ, ਪਰ ਥੱਕ ਕੇ ਚੂਰ ਜ਼ਰੂਰ ਹੋ ਗਏ ਸਨ ਅਤੇ ਉਨ੍ਹਾਂ ਦੇ ਜਾਲ ਗੰਦੇ ਹੋ ਗਏ ਸਨ। ਮੈਂ ਪਤਰਸ ਨੂੰ ਵੇਖ ਸਕਦਾ ਹਾਂ, ਉਸਦਾ ਸਿਰ ਯਿਸੂ ਦੀ ਗੱਲ ਸੁਣਨ ਲਈ ਇਕ ਪਾਸੇ ਝੁਕਿਆ ਹੋਇਆ ਹੈ, ਜਦਕਿ ਉਸ ਦੀਆਂ ਉਂਗਲਾਂ ਜਾਲ ਵਿੱਚੋਂ ਚਿੱਕੜ ਅਤੇ ਘਾਹ ਆਦਿ ਕੱਢਣ ਵਿਚ ਲੱਗੀਆਂ ਹਨ। ਯਿਸੂ ਨਾਲ ਇਸ ਮਛੇਰੇ ਦੀ ਇਹ ਪਹਿਲੀ ਮੁਲਾਕਾਤ ਨਹੀਂ ਸੀ। ਉਹ ਯਹੂਦੀਆ ਵਿਚ ਮਸੀਹ ਨਾਲ ਪਹਿਲਾਂ ਵੀ ਗਿਆ ਸੀ। ਪਰ ਗਲੀਲ ਦੇ ਇਲਾਕੇ ਵਿਚ ਮੁੜ ਆਉਣ ਦੇ ਬਾਅਦ, ਉਹ ਆਪਣੇ ਪੁਰਾਣੇ ਕਿੱਤੇ ਵਿਚ ਲਗ ਗਿਆ ਸੀ।

ਯਿਸੂ ਦਾ ਪ੍ਰਚਾਰ ਸੁਣਨ ਲਈ ਭੀੜ ਵਧਦੀ ਜਾ ਰਹੀ ਸੀ। ਜਿਗਿਆਸੂ ਸਰੋਤੇ ਮਸੀਹ ਵੱਲ ਨੂੰ ਵਧ ਰਹੇ ਸਨ; ਜਿਸ ਨਾਲ ਉਸ ਨੂੰ ਝੀਲ ਵੱਲ ਨੂੰ ਹੋਰ ਨੇੜੇ ਜਾਣਾ ਪਿਆ, ਇੱਥੋਂ ਤਕ ਕਿ ਉਸ ਦੀਆਂ ਜੁੱਤੀਆਂ ਪਾਣੀ ਨਾਲ ਭਿੱਜ ਗਈਆਂ। ਉਸ ਨੇ ਪਤਰਸ ਦੀ ਬੇੜੀ ਲੱਭੀ, ਉਸ ਵਿਚ ਬੈਠ ਕੇ ਪਤਰਸ ਨੂੰ ਬੇੜੀ ਨੂੰ ਝੀਲ ਦੇ ਅੰਦਰ ਲਿਜਾਣ ਲਈ ਆਖਿਆ। ਉੱਥੇ ਬੇੜੀ ਨੂੰ ਹੀ ਪੁਲਪਿਟ ਬਣਾ ਕੇ

ਯਿਸੂ ਨੇ ਗੱਲਬਾਤ ਸ਼ੁਰੂ ਕੀਤੀ।

ਤੁਹਾਨੂੰ ਕੀ ਲਗਦਾ ਹੈ ਕਿ ਬੇੜੀ ਦੇ ਵਿਚਕਾਰ ਬਹਿ ਕੇ ਪਤਰਸ ਕੀ ਕਰ ਰਿਹਾ ਸੀ, ਕੀ ਉਹਨੇ ਇਸ ਨੂੰ ਰੋਕ ਕੇ ਰੱਖਿਆ ਸੀ? ਉਹ ਸੁਣ ਰਿਹਾ ਸੀ। ਕੀ ਸੁਣ ਰਿਹਾ ਸੀ? ਬਾਈਬਲ ਦੀ ਇਸ ਆਇਤ ਵਿਚ ਦੱਸਿਆ ਗਿਆ ਹੈ ਕਿ ਯਿਸੂ ''ਪਰਮੇਸ਼ੁਰ ਦਾ ਵਚਨ'' ਸੁਣਾ ਰਿਹਾ ਸੀ (ਆਇਤ 1)। ਵਚਨ ਨੂੰ ਸਿੱਖਣ ਵਾਲੇ ਬਣੇ ਬਿਨਾਂ ਤੁਸੀਂ ਪ੍ਰਭੂ ਦੇ ਚੇਲੇ ਨਹੀਂ ਬਣ ਸਕਦੇ। ਯਿਸੂ ਨੇ ਆਖਿਆ, ''ਮੇਰਾ ਜੂਲਾ ਆਪਣੇ ਉੱਪਰ ਉਠਾ ਲਓ ਅਤੇ ਮੇਰੇ ਕੋਲੋਂ *ਸਿੱਖੋ,* ਕਿਉਂਕਿ ਮੈਂ ਨਮਰ ਅਤੇ ਮਨ ਵਿਚ ਦੀਨ ਹਾਂ; ਅਤੇ ਤੁਸੀਂ ਆਪਣੇ ਮਨਾਂ ਵਿਚ ਅਰਾਮ ਪਾਓਗੇ'' (ਮੱਤੀ 11:29;) ਕੁਝ ਲੋਕ ਜਿਹੜੇ ਚੇਲੇ ਹੋਣ ਦਾ ਦਾਅਵਾ ਕਰਦੇ ਹਨ, ਸਾਲਾਂ ਬਾਅਦ ਵੀ ਆਗਿਆਨੀ ਰਹਿੰਦੇ ਹਨ, ਪਰ ਜਦ ਤਕ ਤੁਸੀਂ ਉਸ ਦੇ ਲਿਖਤ ਵਚਨ ਵਿਚ ਪਾਈਆਂ ਜਾਣ ਵਾਲੀਆਂ ਸੱਚਾਈਆਂ ਦੇ ਗੰਭੀਰ ਵਿਦਿਆਰਥੀ ਨਹੀਂ ਬਣ ਜਾਂਦੇ ਤਦ ਤਕ ਤੁਸੀਂ ਉਸ ਦੇ ਚੇਲੇ ਨਹੀਂ ਬਣ ਸਕਦੇ ਹੋ।

## ਕੁਝ ਸਮਝਣਾ ਜ਼ਰੂਰੀ ਹੈ (ਆਇਤਾਂ 3-8)

ਅੰਤ ਵਿਚ, ਯਿਸੂ ਨੇ ਆਪਣਾ ਸੰਦੇਸ਼ ਖ਼ਤਮ ਕੀਤਾ। ਉਸਨੇ ਭੀੜ ਨਾਲ ਆਪਣੀ ਗੱਲ ਪੂਰੀ ਕਰ ਲਈ ਸੀ, ਪਰ ਪਤਰਸ ਨਾਲ ਨਹੀਂ। ਪਤਰਸ ਵਿਚ ਬਹੁਤ ਸਮਰਥ ਸੀ, ਪਰ ਉਸ ਨੇ ਅਜੇ ਵੀ ਬਹੁਤ ਕੁਝ ਸਿੱਖਣਾ ਸੀ। ਹੁਣ ਉਸ ਨੂੰ ਵੱਖਰਾ ਸਬਕ ਮਿਲਣ ਵਾਲਾ ਸੀ। ਰਵਾਇਤ ਤੋਂ ਹਟ ਕੇ ਗੁਰੂ ਯਿਸੂ ਨੇ ਇਕ ਹਟਵੀਂ ਗੱਲ ਕੀਤੀ। ਉਸਨੇ ਸ਼ਮਊਨ ਨੂੰ ਹੁਕਮ ਦਿੱਤਾ, ''ਡੂੰਘੇ ਪਾਣੀ ਵਿਚ ਲੈ ਚੱਲੋ, ਅਤੇ ਸ਼ਿਕਾਰ ਲਈ ਆਪਣੇ ਜਾਲ ਪਾਓ'' (ਆਇਤ 4)।

ਸ਼ਮਊਨ ਗਲੀਲ ਦੀ ਝੀਲ ਦਾ ਮਾਹਿਰ ਮਛੇਰਾ ਸੀ। ਮੱਛੀਆਂ ਫੜ੍ਹਨ ਦਾ ਵਕਤ ਰਾਤ ਨੂੰ ਹੀ ਹੁੰਦਾ ਸੀ, ਜਦ ਮੱਛੀਆਂ ਚਾਰਾ ਖਾਣਾ ਲਈ ਉੱਪਰ ਨੂੰ ਆਉਂਦੀਆਂ ਹਨ, ਨਾ ਕਿ ਦਿਨ ਵੇਲੇ। ਮੱਛੀਆਂ ਘੱਟ ਪਾਣੀ ਵਿਚ ਫੜ੍ਹੀਆਂ ਜਾਂਦੀਆਂ ਸਨ, ਨਾ ਕਿ ਗਹਿਰੇ ਪਾਣੀ ਵਿਚ। ਇਸ ਦੇ ਇਲਾਵਾ ਦਸ ਜਾਂ ਇਸ ਤੋਂ ਵੱਧ ਕੋਸ਼ਿਸ਼ਾਂ ਕਰਨ ਦੇ ਬਾਵਜੂਦ, ਭਾਵ ਰਾਤ ਭਰ ਜਾਗ ਕੇ ਕੁਝ ਹੱਥ ਨਾ ਲੱਗਣ ਤੇ *ਨਹੀਂ,* ਬਲਕਿ ਫੜ੍ਹਨ ਲਈ ਮੱਛੀਆਂ ਹੋਣ ਤੇ ਉਸ ਦੀ ਕੋਸ਼ਿਸ਼ ਦੀ ਸ਼ਲਾਘਾ ਹੋਣੀ ਚਾਹੀਦੀ ਹੈ।

ਇਕ ਤਜੁਰਬੇਕਾਰ, ਮਿਹਨਤੀ ਅਤੇ ਕਾਮਯਾਬ ਮਛੇਰੇ ਦੇ ਰੂਪ ਵਿਚ ਸ਼ਮਊਨ ਲਈ ਕਿਸੇ ਤਰਖਾਣ ਵੱਲੋਂ (ਮਰਕੁਸ 6:3) ਉਸ ਨੂੰ ਮੱਛੀਆਂ ਫੜ੍ਹਨ ਦਾ ਢੰਗ ਸਿਖਾਉਣਾ, ਕੁਝ ਤਾਂ ਸ਼ਰਮ ਦੀ ਗੱਲ ਲੱਗਣਾ ਸੁਭਾਵਿਕ ਸੀ (ਕਿਸੇ ਆਮ ਆਦਮੀ ਵੱਲੋਂ ਮੈਨੂੰ ਪ੍ਰਚਾਰ ਕਰਨਾ ਸਿਖਾਉਣ ਤੇ ਮੈਂ ਕਈ ਵਾਰ ਨਰਾਜ਼ ਹੋਣ ਦੀ ਗੱਲ ਕਬੂਲਦਾ ਹਾਂ।) ਪਤਰਸ ਦੇ ਜਵਾਬ ਤੋਂ ਇਸ ਦਾ ਸੰਕੇਤ ਮਿਲ ਸਕਦਾ ਹੈ: ''ਸਵਾਮੀ ਜੀ ਅਸਾਂ ਸਾਰੀ ਰਾਤ ਮਿਹਨਤ ਕੀਤੀ ਪਰ ਕੁਝ ਨਾ ਪਾਇਆ ...'' (ਆਇਤ 5)।

ਪਰ ਉਸ ਤੋਂ ਅਗਲੇ ਸ਼ਬਦ ''ਤਾਂ ਵੀ'' ਤੇ ਧਿਆਨ ਦਿਓ। ''... *ਤਾਂ ਵੀ* ਤੇਰੇ ਕਹਿਣ ਤੇ ਜਾਲ ਪਾਵਾਂਗੇ'' (ਆਇਤ 5)। ਮੈਨੂੰ ਇੱਥੇ KJV ਦਾ ''ਤਾਂ ਵੀ'' ਸ਼ਬਦ ਚੰਗਾ ਲਗਦਾ ਹੈ। ਬਾਕੀ ਸ਼ਬਦਾਂ ਵਿਚ ''ਅਸੀਂ ਸਾਰੀ ਰਾਤ ਲੱਗੇ ਰਹੇ ਪਰ ਕੋਈ ਮੱਛੀ ਨਹੀਂ ਫੜ੍ਹੀ ... *ਤਾਂ ਵੀ* ... *ਤੁਸੀਂ* ਆਖਦੇ ਹੋ ਤਾਂ ਮੈਂ ਕੋਸ਼ਿਸ਼ ਕਰ ਕੇ ਵੇਖਦਾ ਹਾਂ। ਭਾਵੇਂ ਇਸ ਨਾਲ ਮੱਛੀ ਫੜ੍ਹਨ ਦਾ ਮੇਰਾ ਇਕ ਦਹਾਕੇ ਨਾਲੋਂ ਵੱਧ ਦਾ ਤਜ਼ਰਬਾ ਬੇਕਾਰ ਜਾਵੇਗਾ, ਪਰ ਮੈਂ ਤੁਹਾਡੀ ਗੱਲ ਜ਼ਰੂਰ ਮੰਨਾਂਗਾ।''

ਪਤਰਸ ਦਾ ਵਿਹਾਰ ਅਜਿਹਾ ਕਿਵੇਂ ਬਣ ਗਿਆ? ਇਸ ਦਾ ਜਵਾਬ ਉਸ ਸਿਰਲੇਖ ਹੇਠ ਮਿਲਦਾ ਹੈ, ਜਿਸ ਨਾਲ ਉਸ ਨੇ ਯਿਸੂ ਨੂੰ ਸੰਬੋਧਨ ਕੀਤਾ: ''ਸਵਾਮੀ ਜੀ,'' ਮੂਲ ਲਿਖਤ ਵਿਚ ''ਸਵਾਮੀ'' ਜਾਂ ''ਪ੍ਰਭੂ'' ਲਈ ਇਹ ਆਮ ਸ਼ਬਦ ਨਹੀਂ ਹੈ।[4] ਇਹ ਲੂਕਾ ਵੱਲੋਂ ਵਰਤਿਆ ਇਕ ਖ਼ਾਸ ਸ਼ਬਦ ਹੈ, ਜੋ ਸਿਰਫ਼ ਯਿਸੂ ਲਈ ਹੀ ਲਗਦਾ ਹੈ (ਲੂਕਾ 8:24, 45; 9:33, 49; 17:13)। ਇਹ ਇਕ ਮਿਸ਼ਰਤ ਯੂਨਾਨੀ ਸ਼ਬਦ ਹੈ ਜੋ ''ਉੱਪਰ'' ਦੇ ਨਾਲ ''ਖੜਾ'' ਦੇ ਸ਼ਬਦ ਨੂੰ ਮਿਲਾਉਂਦਾ ਹੈ। ਇਸ

ਦਾ ਅਰਥ ਹੈ ''ਜੋ ਉੱਪਰ ਖੜਾ ਹੈ'' ਹੈ ਭਾਵ ਜਿਸ ਨੂੰ ਕਿਸੇ ਦੂਜੇ ਉੱਤੇ ਇਖ਼ਤਿਆਰ ਹੈ। ਪਤਰਸ ਯਿਸੂ ਦੇ ਹੁਕਮ ਨਾਲ ਸਹਿਮਤ ਹੋਇਆ ਜਾਂ ਨਹੀਂ, ਇਹ ਅਹਿਮੀਅਤ ਦੇਣ ਵਾਲੀ ਗੱਲ ਨਹੀਂ ਹੈ। ਯਿਸੂ ਮਾਲਕ ਸੀ, ਅਤੇ ਉਹ ਗੁਲਾਮ, ਜਿਸ ਕਰਕੇ ਉਹ ਉਸਦੀ ਗੱਲ ਮੰਨਣ ਨੂੰ ਤਿਆਰ ਸੀ।

ਅਸੀਂ ਜੇ ਯਿਸੂ ਦੇ ਚੇਲੇ ਬਣਨਾ ਹੈ, ਤਾਂ ਸਾਡੇ ਲਈ ਬਹੁਤ ਕੁਝ ਸਮਝਣਾ ਜ਼ਰੂਰੀ ਹੈ ਅਤੇ ਉਹ ਇਹ ਹੈ ਕਿ ਉਹ *ਮਾਲਕ* ਹੈ। ਪ੍ਰਭੂ ਨੂੰ ਅਸੀਂ ਨਹੀਂ, ਬਲਕਿ ਉਹੀ ਸਾਨੂੰ ਹਦਾਇਤ ਦਿੰਦਾ ਹੈ। ਅਸੀਂ ਉਸ ਨੂੰ ਨਹੀਂ ਦੱਸਦੇ ਕਿ ਕੀ ਕਰੇ, ਬਲਕਿ ਉਹੀ ਸਾਨੂੰ ਦੱਸਦਾ ਹੈ ਕਿ ਕੀ ਕਰਨਾ ਹੈ। ''ਸਵਾਮੀ'' ਇਕ ਮਜ਼ਬੂਤ ਸ਼ਬਦ ਹੈ। ਸਵਾਮੀ ਸੁਝਾਅ ਨਹੀਂ ਦਿੰਦੇ ਭਾਵ ਉਹ ਸਲਾਹ ਨਹੀਂ, ਬਲਕਿ *ਹੁਕਮ* ਦਿੰਦੇ ਹਨ, ਅਜਿਹੇ ਹੁਕਮ ਜੋ ਬਿਨਾਂ ਕਿਸੇ ਸ਼ੱਕ ਦੇ ਮੰਨਣੇ ਜ਼ਰੂਰੀ ਹਨ।

ਡੂੰਘੇ ਪਾਣੀ ਵਿਚ ਬੇੜੀ ਲਿਜਾਣ ਵੇਲੇ ਪਤਰਸ ਨੂੰ ਲੱਗਾ ਹੋਵੇਗਾ ਕਿ ਉਹ ਮੂਰਖ ਹੈ। ਜਾਲ ਪਾਉਂਦਿਆਂ, ਉਸ ਨੂੰ ਘਬਰਾਹਟ ਹੋਈ ਹੋਵੇਗੀ। ਹੋ ਸਕਦਾ ਹੈ ਕਿ ਉਸ ਨੇ ਕੰਢੇ ਤੇ ਹੋਰਨਾਂ ਮਛੇਰਿਆਂ ਦਾ ਹਾਸਾ ਸੁਣ ਲਿਆ ਹੋਵੇ।[5] ਫਿਰ *ਵੀ* ਉਸ ਨੇ ਕੀਤਾ ਉਹੀ ਜੋ ਉਸ ਦੇ ਮਾਲਕ ਨੇ ਆਖਿਆ ਸੀ।

ਪ੍ਰਭੂ ਨੇ ਇਹ ਹੁਕਮ ਮੰਨਣ ਦਾ ਫਲ ਕਿਵੇਂ ਦਿੱਤਾ? ਕੁਝ ਹੀ ਦੇਰ ਬਾਅਦ ਪਤਰਸ ਨੂੰ ਲੱਗਾ ਕਿ ਜਾਲ ਦੇ ਰੱਸੇ ਖਿੱਚ ਰਹੇ ਹਨ ਅਤੇ ਉਹ ਆਪਣੇ ਸਹਾਇਕਾਂ ਦੇ ਨਾਲ ਜਾਲ ਨੂੰ ਖਿੱਚਣ ਲੱਗਾ, ਜੋ ਮੱਛੀਆਂ ਨਾਲ ਪੂਰੇ ਭਰ ਗਏ ਸਨ। ਮੱਛੀਆਂ ਜਾਲਾਂ ਵਿਚ ਭਰ ਗਈਆਂ ਸਨ, ਉਨ੍ਹਾਂ ਦੀਆਂ ਪੂਛਾਂ ਪਾਣੀ ਵਿਚ ਵੱਜ ਰਹੀਆਂ ਸਨ। ਉਨ੍ਹਾਂ ਦੇ ਜਾਲਾਂ ਨੂੰ ਬੇੜੀ ਵਿਚ ਖਿੱਚਣ ਨਾਲ ਜਾਲ ਦੇ ਮਜ਼ਬੂਤ ਰੱਸੇ ਟੁੱਟਣ ਲੱਗ ਪਏ ਸਨ। ਛੇਤੀ ਛੇਤੀ ਉਨ੍ਹਾਂ ਕੰਢੇ ਤੇ ਆਪਣੇ ਸਾਥੀਆਂ ਨੂੰ ਇਸ਼ਾਰਾ ਕੀਤਾ ਕਿ ਆ ਕੇ ਉਨ੍ਹਾਂ ਦੀ ਮਦਦ ਕਰਨ।

ਯਾਕੂਬ ਅਤੇ ਯੂਹੰਨਾ ਮੱਛੀਆਂ ਫੜ੍ਹਨ ਵਾਲੀਆਂ ਆਪਣੀਆਂ ਬੇੜੀਆਂ ਲੈ ਆਏ। ਛੇਤੀ ਹੀ ਦੋਵੇਂ ਬੇੜੀਆਂ, ਤਿਲਕਣੀਆਂ ਮੱਛੀਆਂ ਨਾਲ ਭਰ ਗਈਆਂ, ਉਹ ਐਨੀਆਂ ਭਰ ਗਈਆ ਕਿ ਬੇੜੀਆਂ ਡੁੱਬਣ ਲੱਗ ਪਈਆਂ।[6] ਇਹ ਦਸ−ਪੰਦਰਾਂ ਫੁੱਟ ਲੰਮੀਆਂ ਬੇੜੀਆਂ ਨਹੀਂ ਸਨ, ਜੋ ਅਸੀਂ ਆਮ ਵੇਖੀਆਂ ਹਨ। ਇਹ ਗਲੀਲ ਦੀ ਝੀਲ ਤੇ ਮੱਛੀਆਂ ਫੜ੍ਹਨ ਲਈ ਵਰਤੀਆਂ ਜਾਣ ਵਾਲੀਆਂ ਪੰਝੀ−ਤੀਹ ਫੁੱਟ ਦੀਆਂ ਕਾਰੋਬਾਰੀ ਬੇੜੀਆਂ ਸਨ। ਮਾਹਿਰ ਮਛੇਰਿਆਂ ਨੇ ਕਦੇ ਐਨੀਆਂ ਮੱਛੀਆਂ ਫੜ੍ਹਦਿਆਂ ਕਿਸੇ ਨੂੰ ਨਹੀਂ ਵੇਖਿਆ ਸੀ!

ਪਤਰਸ ਅਤੇ ਹੋਰ ਮਛੇਰਿਆਂ ਲਈ ਇਹ ਕਿੰਨਾ ਵੱਡਾ ਮੁਕਾਸ਼ਫ਼ਾ ਰਿਹਾ ਹਵੇਗਾ! ਬੇਸ਼ੱਕ ਵਿਸ਼ਾ ਮੱਛੀਆਂ ਹੀ ਸੀ। ਪਰ ਸਾਡੇ ਪ੍ਰਭੂ ਨੂੰ ਪਤਾ ਹੈ ਕਿ ਉਸ ਨੇ ਕੀ ਸੁਨੇਹਾ ਦੇਣਾ ਹੈ।

ਆਮ ਕਰਕੇ, ਪ੍ਰਭੂ ਦੇ ਹੁਕਮ ਸਾਡੇ ਲਈ ਅਹਿਮ ਹੁੰਦੇ ਹਨ, ਪਰ ਇਸ ਗੱਲ ਦੀ ਕੋਈ ਗਰੰਟੀ ਨਹੀਂ ਹੈ ਕਿ ਅਸੀਂ ਹਮੇਸ਼ਾ ਉਸ ਦੀ ਗੱਲ ਮੰਨਾਂਗੇ ਹੀ।[7] ਸਵਾਲ ਇਹ ਨਹੀਂ ਕਿ ''ਕੀ ਇਹ ਮੇਰੇ ਲਈ ਤਰਕਸੰਗਤ ਹੈ?'' ਬਲਕਿ ਇਹ ਹੈ ਕਿ ''ਕੀ ਮੈਨੂੰ ਮਸੀਹ ਨੇ ਇਹੀ ਕਰਨ ਨੂੰ ਆਖਿਆ ਹੈ?'' ਜੇ ਅਜਿਹਾ ਹੈ ਤਾਂ ਅਸੀਂ ਪਤਰਸ ਵਾਂਗ ਜਵਾਬ ਦਿੰਦੇ, ''ਜੋ ਹੁਕਮ ਪ੍ਰਭੂ।'' ਜੇ ਅਸੀਂ ਹੁਕਮ ਮੰਨਦੇ ਹਾਂ, ਤਾਂ ਅਖ਼ੀਰ ਵਿਚ ਸਾਨੂੰ ਪਤਾ ਲੱਗੇਗਾ ਕਿ ਪ੍ਰਭੂ ਦਾ ਤਰੀਕਾ ਹੀ ਸਹੀ ਹੈ!

ਜੇ ਯਿਸੂ ਦੇ ਚੇਲੇ ਬਣਨਾ ਚਾਹੁੰਦੇ ਹੋ, ਤਾਂ ਤੁਹਾਨੂੰ ਇਹ ਯਕੀਨ ਹੋਣਾ ਜ਼ਰੂਰੀ ਹੈ ਕਿ ਉਹ ਸਭ ਕੁਝ ਦਾ ਮਾਲਕ ਹੈ ਅਤੇ ਉਸ ਵਿਸ਼ਵਾਸ ਤੇ ਕੰਮ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਦੋ ਸੱਚਾਈਆਂ ਮੰਨਣੀਆਂ ਪੈਣਗੀਆਂ, ਪਹਿਲੀ ਤੁਹਾਨੂੰ ਇਹ ਮੰਨਣਾ ਹੋਵੇਗਾਃ ਉਸ ਨੇ ਉਸਨੂੰ ''ਪ੍ਰਭੂ'' ਆਖਿਆ ਸੀ।

## ਕੁਝ ਮੰਨਣਾ ਲਾਜ਼ਮੀ ਹੈ (ਆਇਤਾਂ 8-10)

ਪਤਰਸ ਨੇ ਕੁਝ ਜ਼ਬਰਦਸਤ ਮੋਅਜਜ਼ੇ ਵੇਖੇ ਸਨ। ਉਸ ਨੇ ਉਸ ਨੂੰ ਪਾਣੀ ਨੂੰ ਮੈਂ ਵਿਚ ਬਦਲਦੇ ਵੇਖਿਆ ਸੀ (ਯੂਹੰਨਾ 2ਃ 1−11)। ਉਸ ਨੇ ਉਸ ਨੂੰ ਇਕ ਮੁਸਾਹਿਬ ਦੇ ਬੇਟੇ ਨੂੰ ਚੰਗਿਆਈ ਦਿੰਦਿਆਂ

ਵੇਖਿਆ ਸੀ (ਯੂਹੰਨਾ 4:46–54)। ਉਸ ਨੇ ਮਸੀਹ ਨੂੰ ਨਿਸ਼ਾਨ ਅਤੇ ਅਚੰਭੇ ਕੰਮ ਕਰਦਿਆਂ ਵੇਖਿਆ ਸੀ (ਵੇਖੋ ਯੂਹੰਨਾ 2:23; 3:2), ਪਰ ਉਨ੍ਹਾਂ ਵਿੱਚੋਂ ਕਿਸੇ ਮੋਅਜਜ਼ੇ ਨਾਲ ਉਸ ਉੱਤੇ ਐਨਾ ਅਸਰ ਨਹੀਂ ਹੋਇਆ ਸੀ ਜਿੰਨਾਂ ਇਸ ਨਾਲ। ਇਹ ਮੋਅਜਜ਼ਾ ਸ਼ਮਊਨ ਦੇ ਕਿੱਤੇ ਨਾਲ ਜੁੜਿਆ ਸੀ ਅਤੇ ਇਹ ਉਸ ਦੇ ਜੀਣ ਦੇ ਢੰਗ ਨਾਲ ਮੁਖ਼ਾਤਿਬ ਸੀ। ਇਸ ਨਾਲ ਉਸ ਨੂੰ ਇਹ ਪਤਾ ਲੱਗਾ ਕਿ ਯਿਸੂ *ਸਭ ਕੁਝ* ਦਾ ਪ੍ਰਭੂ ਹੈ।

ਯਿਸੂ ਨੂੰ ਨਵੀਂ ਰੌਸ਼ਨੀ ਵੇਖਣ ਦੇ ਨਾਲ ਨਾਲ ਪਤਰਸ ਨੇ ਆਪਣੇ ਆਪ ਨੂੰ ਵੀ ਨਵੀਂ ਰੌਸ਼ਨੀ ਵਿਚ ਵੇਖਿਆ। ਉਸ ਉੱਤੇ ਅਚਾਨਕ ਆਪਣੀਆਂ ਕਮਜ਼ੋਰੀਆਂ ਛਾ ਗਈਆਂ ਸਨ। ''ਉਹ ਯਿਸੂ ਦੇ ਪੈਰੀਂ ਪੈ ਗਿਆ''– ਪੈਰਾਂ ਵਿਚ ਜਿੱਥੇ ਮੱਛੀਆਂ ਤੜਫ਼ ਰਹੀਆਂ ਸਨ– ਅਤੇ ਆਖਣ ਲੱਗਾ , ''ਪ੍ਰਭੂ ਜੀ ਮੇਰੇ ਕੋਲੋਂ ਚਲਿਆ ਜਾਹ ਕਿਉਂ ਜੋ ਮੈਂ ਪਾਪੀ ਬੰਦਾ ਹਾਂ'' (ਆਇਤ 8)। ਉਸ ਦਾ ਜਵਾਬ ਉਵੇਂ ਹੀ ਸੀ ਜਿਵੇਂ ਆਮ ਲੋਕ ਖ਼ੁਦਾ ਦੀ ਸ਼ਕਤੀ ਅਤੇ ਉਸ ਦੇ ਜਲਾਲ ਦਾ ਸਾਹਮਣਾ ਹੋਣ ਤੇ ਦਿੰਦੇ ਹਨ (ਉਤਪਤ 18:27; ਅੱਯੂਬ 42:4; ਯਸਾਯਾਹ 6:5)।

ਜੇ ਤੁਸੀਂ ਯਿਸੂ ਦੇ ਚੇਲੇ ਬਣਨਾ ਚਾਹੁੰਦੇ ਹੋ ਤਾਂ ਤੁਹਾਨੂੰ ਦੋ ਹਕੀਕਤਾਂ ਨੂੰ ਮੰਨਣਾ ਪਵੇਗਾ। ਪਹਿਲੀ ਗੱਲ ਇਹ ਕਿ *ਉਹ* ਸਭ ਕੁਝ ਹੈ। ਆਪਣੇ ਪਾਪੀ ਹੋਣ ਨੂੰ ਮੰਨਦਿਆਂ ਪਤਰਸ ਵੱਲ ਵੇਖੋ ਕਿ ਉਹ ਕਿਵੇਂ ਯਿਸੂ ਨੂੰ ''ਪ੍ਰਭੂ'' ਆਖ ਕੇ ਮੁਖ਼ਾਤਿਬ ਹੋਇਆ। ਪੌਲੁਸ ਨੇ ਆਖਿਆ ਕਿ ਬਚਾਏ ਜਾਣ ਵਾਸਤੇ ਤੁਹਾਡੇ ਲਈ ''ਪ੍ਰਭੂ ਯਿਸੂ ਦਾ ਇਕਰਾਰ'' ਕਰਨਾ ਜ਼ਰੂਰੀ ਹੈ (ਰੋਮੀਆਂ 10:9)। ਦੂਜਾ ਇਹ ਮੰਨ ਕੇ ਕਿ ਉਹ ਸਭ ਕੁਝ ਹੈ, ਇਹ ਮੰਨੋ ਕਿ *ਤੁਸੀਂ* ਕੁਝ ਵੀ ਨਹੀਂ ਹੋ। ਤੁਹਾਨੂੰ ਉਹਦੇ ਲਈ ਆਪਣੀ ਲੋੜ ਮੰਨਣਾ ਲਾਜ਼ਮੀ ਹੈ।

''ਆਪਣੇ ਆਪ ਨਾਲ ਭਰੇ''[8] ਬੰਦੇ ਦੇ ਮਨ ਵਿਚ ਪ੍ਰਭੂ ਲਈ ਕੋਈ ਥਾਂ ਨਹੀਂ ਹੈ। ਯਿਸੂ ਉਨ੍ਹਾਂ ਲੋਕਾਂ ਦੀ ਵਰਤੋਂ ਨਹੀਂ ਕਰ ਰਿਹਾ ਹੈ, ਜੋ ਕਹਿੰਦੇ ਹਨ ਕਿ ''ਪ੍ਰਭੂ, ਵੇਖ ਮੈਂ ਕਿੰਨਾ ਚੰਗਾ ਹਾਂ! ਵੇਖ ਮੈਂ ਕਿੰਨਾ ਸਿਆਣਾ, ਕਾਬਲ ਅਤੇ ਕਾਮਯਾਬ ਹਾਂ! ਉਮੀਦ ਹੈ ਕਿ ਤੁਸੀਂ ਮੈਨੂੰ ਸ਼ਾਬਾਸ਼ੀ ਦਿਓਗੇ ਕਿ ਮੈਂ ਕਿੰਨਾ ਕੁਝ ਕਰ ਸਕਦਾ ਹਾਂ।'' ਮਸੀਹ ਸਿਰਫ਼ ਉਨ੍ਹਾਂ ਲੋਕਾਂ ਨੂੰ ਹੀ ਵਰਤ ਸਕਦਾ ਹੈ, ਜਿਹੜੇ ਆਪਣੀਆਂ ਕਮਜ਼ੋਰੀਆਂ ਨੂੰ ਮੰਨਦੇ ਹੋਏ ਉਸ ਉੱਤੇ ਆਪਣੀ ਨਿਰਭਰਤਾ ਵਿਖਾਉਂਦੇ ਅਤੇ ਉਸ ਦੇ ਕਦਮਾਂ ਵਿਚ ਝੁਕਦੇ ਹਨ। ਕਿਸੇ ਹੋਰ ਦੇ ਬੋਲ ਉਧਾਰੇ ਲਈਏ ਤਾਂ ਤੁਹਾਨੂੰ ਕੁਝ ਕਹਿਣ ਲਈ ਤਿਆਰ ਰਹਿਣਾ ਚਾਹੀਦਾ ਹੈ, ''ਹੇ ਪਰਮੇਸ਼ੁਰ ਮੈਂ ਪਾਪੀ ਉੱਤੇ ਦਯਾ ਕਰ'' (ਲੂਕਾ 18:13; KJV)।

## ਕੁਝ ਬਦਲਣਾ ਜ਼ਰੂਰੀ ਹੈ (ਆਇਤ 10)

ਜਦ ਪਤਰਸ ਨੇ ਉਸ ਨੂੰ ਅਤੇ ਯਿਸੂ ਨੂੰ ਅੱਡ ਕਰਨ ਵਾਲੀ ਖੱਡ ਨੂੰ ਵੇਖਿਆ, ਤਾਂ ਉਸ ਨੇ ਆਖਿਆ, ''ਮੇਰੇ ਕੋਲੋਂ ਚਲਿਆ ਜਾਹ'' (ਆਇਤ 8)। ਇਹ ਤਾਂ ਚੰਗਾ ਹੈ ਕਿ ਯਿਸੂ ਨੇ ਉਸ ਦੀ ਬੇਨਤੀ ਨੂੰ ਮੰਨਿਆ ਨਹੀਂ, ਬਲਕਿ ਖ਼ਾਸ ਚੁਣੌਤੀ ਦੇ ਕੇ ਉਸ ਨੂੰ ਆਪਣੇ ਹੋਰ ਨੇੜੇ ਕਰ ਲਿਆ। ''ਨਾ ਡਰ; ਏਦੋਂ ਅੱਗੇ ਤੂੰ ਮਨੁੱਖਾਂ ਦਾ ਸ਼ਿਕਾਰੀ ਹੋਵੇਂਗਾ'' (ਆਇਤ 10)। ''ਸ਼ਿਕਾਰੀ'' ਸ਼ਬਦ ਵਰਤਮਾਨ ਕਾਲ ਵਿਚ ਹੈ ਜੋ ਲਗਾਤਾਰ ਚੱਲਦੀ ਕਿਰਿਆ ਦਾ ਸੰਕੇਤ ਦਿੰਦਾ ਹੈ। ਇਹ ਇੱਕੋ ਵਾਰ ਕੀਤਾ ਜਾਣ ਵਾਲਾ ਕੰਮ ਨਹੀਂ, ਬਲਕਿ ਜ਼ਿੰਦਗੀ ਭਰ ਚੱਲਣ ਵਾਲਾ ਕੰਮ ਸੀ। ਇਸ ਦੇ ਇਲਾਵਾ ਯੂਨਾਨੀ ਸ਼ਬਦ ਦਾ ਅਨੁਵਾਦ ''ਸ਼ਿਕਾਰੀ ਹੋਵਗਾ'' ਦਾ ਮੂਲ ਅਰਥ ''ਜ਼ਿੰਦਾ ਫੜ੍ਹਨਾ'' ਹੈ।[9] ਉਨ੍ਹਾਂ ਨੇ ਮਨੁੱਖਾਂ ਨੂੰ ਯਿਸੂ ਕੋਲ ਲਿਆਉਣਾ ਸੀ ਜੋ ''ਸੰਸਾਰ ਨੂੰ ਜੀਉਣ ਦਿੰਦਾ ਹੈ'' (ਯੂਹੰਨਾ 6:33)। ਮੱਤੀ ਉਸ ਨੂੰ ਉਸ ਦੀ ਬੁਲਾਹਟ ਨੂੰ ਇਵੇਂ ਲਿਖਦਾ ਹੈ; ''ਮੇਰੇ ਮਗਰ ਆਓ, ਮੈਂ ਤੁਹਾਨੂੰ ਮਨੁੱਖਾਂ ਦੇ ਸ਼ਿਕਾਰੀ ਬਣਾਵਾਂਗਾ'' (4:19; ਵੇਖੋ ਮਰਕੁਸ 1:17)।

ਪਤਰਸ ਨੂੰ ਆਪਣੀ ਜ਼ਿੰਦਗੀ ਨੂੰ ਮੁੜ ਤੋਂ ਇਕਾਗਰ ਕਰਨ ਦੀ ਚੁਣੌਤੀ ਮਿਲੀ ਸੀ। ਉਸ ਨੇ

ਮੱਛੀਆਂ ਫੜ੍ਹਨ ਵਿਚ ਹੀ ਧਿਆਨ ਲਾਇਆ ਸੀ; ਹੁਣ ਉਸ ਨੇ ਆਪਣਾ ਧਿਆਨ ਮਨੁੱਖਾਂ ਨੂੰ ਫੜ੍ਹਨ ਵਿਚ ਲਾਉਣਾ ਸੀ।

ਯਿਸੂ ਕਿਸਾਨਾਂ ਨੂੰ ਰਾਜ ਦਾ ਬੀ ਬੀਜਣ ਲਈ ਆਖਦਾ ਹੈ (ਵਚਨ; ਲੂਕਾ 8:11)।[10] ਯਿਸੂ ਵਪਾਰੀਆਂ ਨੂੰ ''ਭਾਰੇ ਮੁੱਲ ਦਾ ਮੋਤੀ'' (ਮੱਤੀ 13:46; ਇੰਜੀਲ) ਦੀ ਗੱਲ ਲੋਕਾਂ ਨੂੰ ਦੱਸਣ ਨੂੰ ਕਹਿੰਦਾ ਹੈ। ਯਿਸੂ ਆਪਣੇ ਘਰ (ਕਲੀਸੀਆ; ਵੇਖੋ ਮੱਤੀ 16:18; 1 ਤਿਮੋਥਿਉਸ 3:15;KJV) ਨੂੰ ਵੱਡਾ ਕਰਨ ਲਈ ਤਰਖਾਣਾਂ ਨੂੰ ਸੱਦਦਾ ਹੈ। ਯਿਸੂ ਡਾਕਟਰਾਂ ਨੂੰ ਰੂਹਾਨੀਅਤ ਦੀ ਚੰਗਾਈ ਲਈ ਮਹਾਨ ਡਾਕਟਰ ਨਾਲ ਮਿਲ ਕੇ ਕੰਮ ਕਰਨ ਨੂੰ ਆਖਦਾ ਹੈ (ਯੂਹੰਨਾ 12:40)। ਜ਼ਿੰਦਗੀ ਵਿਚ ਤੁਹਾਡਾ ਜੋ ਵੀ ਕੰਮ ਜਾਂ ਰੁਚੀ ਹੋਵੇ, ਜੇ ਤੁਸੀਂ ਯਿਸੂ ਦੇ ਚੇਲੇ ਹੋਵੋਗੇ ਤਾਂ ਤੁਸੀਂ ਆਪਣੀ ਜ਼ਿੰਦਗੀ ਨੂੰ ਜ਼ਰੂਰ ਹੈ ਕਿ ਨਵੇਂ ਸਿਰਿਓਂ ਇਕਾਗਰ ਕਰੋਗੇ। ਜਦ ਤੁਸੀਂ ਆਪਣੀ ਜ਼ਿੰਦਗੀ ਦਾ ਕੇਂਦਰ ਬਦਲ ਦਿੰਦੇ ਹੋ ਤਾਂ ਤੁਹਾਡਾ ਪਹਿਲ ਦੇਣਾ ਵੀ ਬਦਲ ਜਾਵੇਗਾ।

ਮੇਰੇ ਇਕ ਮਿੱਤਰ, ਫ਼ਲਾਇਡ ਸ਼ੁਬਰਟ ਦੀ ਸਕੂਲ ਦਾ ਸਮਾਨ ਮੁਹੱਈਆ ਕਰਾਉਣ ਵਾਲੀ ਇਕ ਕਾਮਯਾਬ ਕੰਪਨੀ ਸੀ। ਉਸ ਦੀ ਮੇਜ਼ ਤੇ ਇਹ ਲਿਖਿਆ ਹੁੰਦਾ ਸੀ, ''ਮੇਰਾ ਕੰਮ ਖ਼ੁਦਾ ਦੀ ਸੇਵਾ ਕਰਨਾ ਹੈ ਬਿੱਲ ਚੁਕਾਉਣ ਲਈ ਮੈਂ ਪੈਨਸਿਲਾਂ ਵੇਚਦਾ ਹਾਂ।''

## ਕੁਝ ਤਿਆਗਣਾ ਜ਼ਰੂਰੀ ਹੈ (ਆਇਤ 11)

ਜਿਵੇਂ ਮੈਂ ਪਹਿਲਾਂ ਧਿਆਨ ਦੁਆਇਆ ਸੀ, ਪਤਰਸ ਯਿਸੂ ਨਾਲ ਪਹਿਲਾਂ ਤੋਂ ਹੀ ਜਾਂਦਾ ਸੀ। ਉਸ ਦੇ ਮਿੱਤਰ ਵੀ ਜਾਂਦੇ ਸਨ। ਹੁਣ ਯਿਸੂ ਉਨ੍ਹਾਂ ਨੂੰ ਚੇਲਿਆਂ ਦੇ ਇਕ ਨਵੇਂ ਪੱਧਰ ਤਕ ਭਾਵ ਪੂਰਾ ਸਮਾਂ ਉਸ ਦੇ ਪਿੱਛੇ ਚੱਲਣ ਲਈ ਬੁਲਾ ਰਿਹਾ ਸੀ।[11] ਇਸ ਲਈ ਇਨ੍ਹਾ ਨੂੰ ਆਪਣੀਆਂ ਬੇੜੀਆਂ, ਜਾਲਾਂ ਅਤੇ ਮੱਛੀਆਂ ਨੂੰ ਛੱਡਣਾ ਜ਼ਰੂਰੀ ਸੀ। ਉਨ੍ਹਾਂ ਚੀਜ਼ਾਂ ਨੂੰ ਛੱਡਣਾ ਜ਼ਰੂਰੀ ਸੀ ਜਿਹੜੀਆਂ ਉਨ੍ਹਾਂ ਲਈ ਕਦੇ ਮਹੱਤਵਪੂਰਣ ਹੋਇਆ ਕਰਦੀਆਂ ਸਨ। ਉਨ੍ਹਾਂ ਨੂੰ ਪੱਕੀ ਕਮਾਈ ਤੇ ਆਰਥਿਕ ਲਾਭ ਛੱਡਣਾ ਪੈਣਾ ਸੀ।

ਹਰ ਸੰਕੇਤ ਤੋਂ ਪਤਾ ਚੱਲਦਾ ਹੈ ਕਿ ਇਨ੍ਹਾਂ ਲੋਕਾਂ ਦਾ ਮੱਛੀਆਂ ਫੜ੍ਹਨ ਦਾ ਚੰਗਾ ਭਲਾ ਕਾਰੋਬਾਰ ਸੀ। ਅਸੀਂ ਪਹਿਲਾਂ ਹੀ ਵੇਖਿਆ ਹੈ ਕਿ ਇਨ੍ਹਾਂ ਸਭ ਹਿੱਸੇਦਾਰਾਂ ਦੀਆਂ ਮੱਛੀਆਂ ਫੜ੍ਹਨ ਵਾਲੀਆਂ ਇਕ ਤੋਂ ਵੱਧ ਬੇੜੀਆਂ ਸਨ। ਯਾਕੂਬ ਅਤੇ ਯੂਹੰਨਾ ਕਿਰਾਏ ਤੇ ਮਜ਼ਦੂਰ ਰਖਦੇ ਸਨ (ਮਰਕੁਸ 1:20)। ਯਾਕੂਬ ਅਤੇ ਯੂਹੰਨਾ ਦੀ ਮਾਂ ਉਨ੍ਹਾਂ ਔਰਤਾਂ ਵਿੱਚੋਂ ਇਕ ਸੀ ਜੋ ਬਾਅਦ ਵਿਚ ਯਿਸੂ ਅਤੇ ਉਹਦੇ ਚੇਲਿਆਂ ਦੀ ਮਾਲੀ ਮਦਦ ਕਰਦੀਆਂ ਸਨ (ਮੱਤੀ 27:55, 56; ਲੂਕਾ 8:3)। ਯੂਹੰਨਾ ਮਹਾਂਯਾਜਕ ਦਾ ਜਾਣਕਾਰ ਸੀ (ਯੂਹੰਨਾ 18:15); ਉਸਦਾ ਅਤੇ ਉਸਦੇ ਪਰਿਵਾਰ ਦਾ ਧਾਰਮਿਕ ਆਗੂਆਂ ਨਾਲ ਕਾਰੋਬਾਰੀ ਲੈਣ ਦੇਣ ਰਿਹਾ ਹੋਵੇਗਾ। ਪਰ ਹੁਣ ਉਸ ਨੂੰ ਉੱਚੀ ਕਮਾਈ ਵਾਲਾ ਕਾਰੋਬਾਰ ਛੱਡਣਾ ਪਿਆ ਸੀ।

ਇਹ ਤਾਂ ਬਹੁਤ ਵੱਡੀ ਮੰਗ ਸੀ, ਪਰ ਸਾਫ਼ ਤੌਰ ਤੇ ਇਨ੍ਹਾਂ ਲੋਕਾਂ ਨੂੰ ਇਹ ਨਹੀਂ ਸੋਚਿਆ ਕਿ ਬਹੁਤ ਕੁਝ ਮੰਗਿਆ ਹੈ। ਆਇਤ 11 ਵਿਚ ਅਸੀਂ ਪੜ੍ਹਦੇ ਹਾਂ, ''ਤਦ ਓਹ ਆਪਣੀਆਂ ਬੇੜੀਆਂ ਕੰਢੇ ਲਿਆਏ ਅਤੇ ਸੱਭੋ ਕੁਝ ਛੱਡ ਕੇ ਉਹ ਦੇ ਮਗਰ ਹੋ ਤੁਰੇ।'' ਮਰਕੁਸ ਸਾਨੂੰ ਦੱਸਦਾ ਹੈ ਕਿ ਪਤਰਸ ਅਤੇ ਉਸ ਦਾ ਭਰਾ ਅੰਦ੍ਰਿਆਸ ''ਝੱਟ ਜਾਲਾਂ ਨੂੰ ਛੱਡ ਕੇ ਉਸ ਦੇ ਮਗਰ ਹੋ ਤੁਰੇ'' (1:18), ਅਤੇ ਯਾਕੂਬ ਅਤੇ ਯੂਹੰਨਾ ''ਆਪਣੇ ਪਿਤਾ ਜ਼ਬਦੀ ਨੂੰ ਮਜ਼ਦੂਰਾਂ ਨਾਲ ਛੱਡ ਕੇ ਉਸ ਦੇ ਮਗਰ ਹੋ ਤੁਰੇ'' (ਆਇਤ 20)।

ਮੈਨੂੰ ਕੁਝ ਇਤਰਾਜ਼ ਸੁਣਾਈ ਦਿੱਤਾ ਹੈ, ''ਪਰ ਯਕੀਨਨ ਪ੍ਰਭੂ ਹਰ ਚੇਲੇ ਤੋਂ ਅਜਿਹਾ ਨਹੀਂ ਚਾਹੁੰਦਾ।'' ਲੂਕਾ 14 ਪਾਠ ਵਿਚ ਯਿਸੂ ਨੇ ਭਾਈ ਪੈਰੋਕਾਰਾਂ ਲਈ ਸਮੂਹ ਬਾਰੇ ਆਖਿਆ ਸੀ, ''ਇਸੇ ਤਰ੍ਹਾਂ ਤੁਹਾਡੇ ਵਿੱਚੋਂ ਹਰੇਕ ਜੋ ਆਪਣਾ ਸਭ ਕੁਝ ਤਿਆਗ ਨਾ ਦਵੇ ਉਹ ਮੇਰਾ ਚੇਲਾ ਨਹੀਂ ਹੋ ਸਕਦਾ'' (ਆਇਤ 33)। ਕਈ ਜਾਣੇ ਪਛਾਣੇ ਸਕੂਲਾਂ ਨਾਲ ਕੰਮ ਕਰਨ ਨਾਲ ਮੈਂ ਬੜੇ ਅਜਿਹੇ ਅਲੋਚਕਾਂ ਨੂੰ

ਜਾਣਦਾ ਹਾਂ, ਜਿਨ੍ਹਾਂ ਨੇ ਲਾਹੇਵੰਦ ਕਿੱਤੇ ਅਤੇ ਮੋਟੀ ਤਨਖਾਹ ਵਾਲੇ ਕੰਮ ਛੱਡ ਦਿੱਤੇ, ਜਿਨ੍ਹਾਂ ਨੇ ਖ਼ੁਦਾ ਦਾ ਵਚਨ ਸਿਖਾਉਣ ਅਤੇ ਪ੍ਰਚਾਰ ਕਰਨ ਦੀ ਸਿੱਖਿਆ ਪਾਉਣ ਲਈ ਸਕੂਲ ਵਿਚ ਦਾਖ਼ਲ ਹੋਣ ਲਈ ਆਪਣਾ ਸਭ ਕੁਝ ਛੱਡਿਆ ਹੈ।

ਵਿਰੋਧ ਕਰਨ ਵਾਲੇ ਇਹ ਵੀ ਆਖਦੇ ਹਨ, ‘‘ਪਰ ਤੁਸੀਂ ਉਨ੍ਹਾਂ ਲੋਕਾਂ ਬਾਰੇ ਕਹਿੰਦੇ ਹੋ; ਜਿਨ੍ਹਾਂ ਦੀ ਪੂਰਾ ਸਮਾਂ ਪ੍ਰਚਾਰਕ ਬਣਨ ਦੀ ਯੋਜਨਾ ਨਹੀਂ ਹੈ?’’ ਫਿਰ ਵੀ ‘‘ਕੁਝ ਛੱਡਣ’’ ਨੂੰ ਤਿਆਰ ਹੋਣਾ ਜ਼ਰੂਰੀ ਹੈ ਕਿਉਂਕਿ ਤੁਹਾਡੇ ਅਤੇ ਪੂਰੇ ਦਿਲ ਨਾਲ ਪ੍ਰਭੂ ਦੀ ਸੇਵਾ ਕਰਨ ਲਈ ਆਉਣ ਵਾਲੀ ਕਿਸੇ ਵੀ ਰੁਕਾਵਟ ਨੂੰ ਛੱਡਣਾ ਜ਼ਰੂਰੀ ਹੈ।[12] ਮੱਤੀ 16:24 ਵਿਚ ਯਿਸੂ ਨੇ ਜ਼ੋਰ ਦਿੱਤਾ, ‘‘ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ ਆਪਣੇ ਆਪ ਦਾ ਇਨਕਾਰ ਕਰੇ ਅਤੇ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ।’’

ਹਰ ਹਾਲ ਵਿਚ ਪ੍ਰਭੂ ਤੇ ਭਰੋਸਾ ਰੱਖਣ ਲਈ ਤਿਆਰ ਰਹਿਣਾ ਵੀ ਜ਼ਰੂਰੀ ਹੈ। ਪਤਰਸ, ਅੰਦ੍ਰਿਆਸ, ਯੂਹੰਨਾ ਅਤੇ ਯਾਕੂਬ ਗਲੀਲ ਸਾਗਰ ਤੋਂ ਦੂਰ ਯਿਸੂ ਪਿੱਛੇ ਚੱਲਦੇ ਹੋਏ ਆਪਣਿਆਂ ਲੋਕਾਂ ਦੀ ਪੂਰਤੀ ਲਈ ਉਸੇ ਤੇ ਭਰੋਸਾ ਰੱਖ ਰਹੇ ਸਨ, ਜਦੋਂ ਉਸ ਨੇ ਮੱਛੀਆਂ ਮੁਹੱਈਆ ਕਰਵਾਈਆਂ ਸਨ। ਕਈ ਵਾਰ ਅਸੀਂ ਪ੍ਰਭੂ ਤੇ ਉਵੇਂ ਭਰੋਸਾ ਨਹੀਂ ਕਰਦੇ ਜਿਵੇਂ ਸਾਨੂੰ ਕਰਨਾ ਚਾਹੀਦਾ ਹੈ। ਮੈਂ ਅਜਿਹੇ ਲੋਕਾਂ ਨੂੰ ਜਾਣਦਾ ਹਾਂ ਜਿਹੜੇ ਕਹਿੰਦੇ ਹਨ, ‘‘ਮਸੀਹੀ ਬਣਨ ਤੋਂ ਪਹਿਲਾਂ ਜੋ ਮੇਰਾ ਕਾਰੋਬਾਰ ਸੀ ਜੇ ਮੈਂ ਉਸ ਨੂੰ ਛੱਡ ਦਿਆਂ ਤਾਂ ਕਦੇ ਮੈਂ ਰੋਜ਼ੀ ਨਹੀਂ ਕਮਾ ਸਕਾਂਗਾ! ਮੇਰਾ ਪਰਿਵਾਰ ਭੁੱਖਾ ਮਰ ਜਾਏਗਾ।’’ ਯਿਸੂ ਨੇ ਵਾਅਦਾ ਕੀਤਾ ਸੀ ਜੇ ਅਸੀਂ ਉਸ ਨੂੰ ਅਤੇ ਉਸ ਦੇ ਮਾਰਗ ਨੂੰ ਪਹਿਲ ਦਿੰਦੇ ਹਾਂ ਤਾਂ ਉਹ ਜ਼ਿੰਦਗੀ ਦੀਆਂ ਲੋੜਾਂ ਨੂੰ ਜ਼ਰੂਰ ਪੂਰਿਆਂ ਕਰੇਗਾ (ਮੱਤੀ 6:33)। ਪੌਲੁਸ ਨੇ ਲਿਖਿਆ ਹੈ, ‘‘ਅਤੇ ਮੇਰਾ ਪਰਮੇਸ਼ੁਰ ਤੇਜ ਵਿਚ ਆਪਣੇ ਧਨ ਦੇ ਅਨੁਸਾਰ ਤੁਹਾਡੀ ਹਰੇਕ ਥੁੜ ਨੂੰ ਮਸੀਹ ਯਿਸੂ ਵਿਚ ਸੰਪੂਰਨ ਕਰੇਗਾ’’ (ਫ਼ਿਲਿੱਪੀਆਂ 4:19)।[13]

ਇਕ ਵਾਰ ਪਤਰਸ ਨੇ ਯਿਸੂ ਨੂੰ ਆਖਿਆ ਸੀ, ‘‘ਵੇਖ ਅਸੀਂ ਸਭ ਕੁਝ ਛੱਡ ਕੇ ਤੇਰੇ ਮਗਰ ਹੋ ਤੁਰੇ ਹਾਂ’’ (ਮਰਕੁਸ 10:28)। ਫਿਰ ਯਿਸੂ ਨੇ ਉਸ ਨੂੰ ਇਹ ਭਰੋਸਾ ਦੁਆਇਆ ਸੀ:

> ਮੈਂ ਤੁਹਾਨੂੰ ਸੱਚ ਆਖਦਾ ਹਾਂ, ਅਜਿਹਾ ਕੋਈ ਨਹੀਂ ਜਿਹ ਨੇ ਘਰ ਯਾ ਭਾਈ ਯਾ ਭੈਣਾਂ ਯਾ ਮਾਂ ਯਾ ਪਿਉ ਯਾ ਬਾਲ ਬੱਚਿਆਂ ਯਾ ਜ਼ਮੀਨਾਂ ਨੂੰ ਮੇਰੇ ਅਤੇ ਇੰਜੀਲ ਦੇ ਲਈ ਛੱਡਿਆ ਹੋਵੇ। ਜਿਹੜਾ ਹੁਣ ਇਸ ਸਮੇਂ ਵਿਚ ਸੌ ਗੁਣਾ ਨਾ ਪਾਵੇ, ਘਰ ਅਤੇ ਭਾਈ ਅਤੇ ਭੈਣਾਂ ਅਤੇ ਮਾਵਾਂ ਅਤੇ ਬਾਲ ਬੱਚੇ ਅਤੇ ਜ਼ਮੀਨਾਂ ਪਰ ਦੁਖਾਂ ਨਾਲ ਅਤੇ ਅਗਲੇ ਜੁਗ ਵਿਚ ਸਦੀਪਕ ਜੀਉਣ (ਆਇਤਾਂ 29, 30)।

ਮਸੀਹ ਦਾ ਚੇਲਾ ਬਣਨ ਲਈ ਤੁਸੀਂ ਭਾਵੇਂ ਕਿੰਨਾ ਵੀ ਤਿਆਗ ਕਰੋ ਪਰ ਉਹ ਪ੍ਰਭੂ ਦੇ ਤਿਆਗ ਨਾਲੋਂ ਵੱਧ ਨਹੀਂ ਹੋ ਸਕਦਾ।

## ਕੁਝ ਕੀਤਾ ਜਾਣਾ ਜ਼ਰੂਰੀ ਹੈ (ਆਇਤ 11)

ਯਿਸੂ ਦਾ ਸ਼ਗਿਰਦ ਬਣਨ ਦੀ ਇਕ ਆਖ਼ਰੀ ਸ਼ਰਤ ਦੀ ਗੱਲ ਕਰਨੀ ਜ਼ਰੂਰੀ ਹੈ। ਇਹ ਸਾਫ਼ ਸ਼ਰਤ, ‘‘ਚੇਲਾ’’ ਸ਼ਬਦ ਵਿਚ ਮਿਲਦੀ ਹੈ, ਅਤੇ ਵਚਨ ਵਿਚ ਇਸ ਨੂੰ ਅਸੀਂ ਪਹਿਲਾਂ ਵੀ ਵੇਖਿਆ ਹੈ, ਪਰ ਯਿਸੂ ਦਾ ਜ਼ਿਕਰ ਵੀ ਜ਼ਰੂਰੀ ਹੈ ਕਿ ਕੁਝ ਕੀਤਾ ਜਾਣਾ ਜ਼ਰੂਰੀ ਹੈ। ਖ਼ਾਸ ਕਰ ਉਸ ਦੇ ਮਗਰ ਚੱਲਣਾ ਜ਼ਰੂਰੀ ਹੈ। ਬਾਈਬਲ ਦੀ ਸਾਡੀ ਇਹ ਆਇਤ ਆਖਦੀ ਹੈ ਕਿ ਪਤਰਸ ਅਤੇ ਹੋਰ ‘‘ਸਭ ਕੁਝ ਛੱਡ ਕੇ ਉਸ ਦੇ *ਪਿੱਛੇ ਹੋ ਤੁਰੇ*’’ (ਆਇਤ 11)। ਮੱਤੀ ਅਤੇ ਮਰਕੁਸ ਜ਼ੋਰ ਦਿੰਦੇ ਹਨ ਕਿ ਚਹੁੰ ਆਦਮੀਆਂ ਨੇ ਆਪਣੀਆਂ ਬੇੜੀਆਂ ਉੱਥੇ ਛੱਡ ਦਿੱਤੀਆਂ ਅਤੇ ਉਸ ਦੇ ਪਿੱਛੇ ਹੋ ਤੁਰੇ (ਮੱਤੀ 4:20, 22; ਮਰਕੁਸ 1:18, 20)। ਯਿਸੂ ਨੇ ਆਖਿਆ ‘‘ਜੇ ਕੋਈ ਮੇਰੇ ਪਿੱਛੇ ਚੱਲਣਾ ਚਾਹੇ ਤਾਂ ... ਆਪਣੀ

ਸਲੀਬ ਚੁੱਕੇ ਅਤੇ ਮੇਰੇ *ਪਿੱਛੇ ਹੋ ਤੁਰੇ*'' (ਮੱਤੀ 16:24)।

ਪਤਰਸ ਅਤੇ ਦੂਜੇ ਲੋਕਾਂ ਲਈ ਯਿਸੂ ਪਿੱਛੇ ਚੱਲਣਾ ਸੌਖਾ ਨਹੀਂ ਸੀ। ਚੇਲਿਆਂ ਨੂੰ ਯਿਸੂ ਪਿੱਛੇ ਚੱਲਣ ਲਈ ਥਕਾਵਟ, ਦੁਸ਼ਮਣੀ ਅਤੇ ਅਖ਼ੀਰ ਮੌਤ ਦਾ ਸਾਹਮਣਾ ਕਰਨਾ ਪਿਆ। ਫਿਰ ਵੀ ਉਹ ਅੰਤ ਤਕ ਯਿਸੂ ਦੇ ਸਮਰਪਿਤ ਰਹੇ। ਜਿੱਥੇ ਵੀ ਉਹ ਉਨ੍ਹਾਂ ਨੂੰ ਭੇਜਦਾ, ਉਹ ਉਸਦੇ ਪਿੱਛੇ ਗਏ।[14]

ਤੁਹਾਡੇ ਵਿੱਚੋਂ ਕੁਝ ਅਜੇ ਯਿਸੂ ਦੇ ਚੇਲੇ ਨਹੀਂ ਬਣੇ। ਇਹ ਵਿਸ਼ਵਾਸ ਕਰਨਾ ਜ਼ਰੂਰੀ ਹੈ ਕਿ ਯਿਸੂ ਤੁਹਾਡੇ ਲਈ ਮਰਿਆ, ਉਹ ਤੁਹਾਡੇ ਪਾਪਾਂ ਤੋਂ ਛੁਟਕਾਰਾ ਦੁਆ ਸਕਦਾ ਹੈ। ਮਸੀਹ ਨੇ (ਮੈਂ ਨਹੀਂ) ਆਖਿਆ ਕਿ ''... ਜੇ ਤੁਸੀਂ ਪਰਤੀਤ ਨਾ ਕਰੋ ਕਿ ਮੈਂ ਉਹੀ *[ਭਾਵ ਮਸੀਹਾ]* ਹਾਂ, ਤਾਂ ਆਪਣੇ ਪਾਪਾਂ ਵਿਚ ਮਰੋਗੇ'' (ਯੂਹੰਨਾ 8:24)। ਮੁਕਤੀ ਪਾਉਣ ਲਈ, ਪ੍ਰਭੂ ਦਾ *[ਮੇਰਾ ਨਹੀਂ]* ਹੁਕਮ ਹੈ ਉਸ ਵਿਚ ਈਮਾਨ ਲਿਆ ਕੇ ਬਪਤਿਸਮਾ (ਪਾਣੀ ਵਿਚ ਡੁਬਕੀ) ਲਓ (ਮਰਕੁਸ 16:16; ਵੇਖੋ ਮੱਤੀ 28:18)। ਮਸੀਹੀ ਬਣ ਜਾਣ ਤੇ, ਜ਼ਿੰਦਗੀ ਭਰ ਉਸ ਦੇ ਪਿੱਛੇ ਚੱਲਣਾ ਜ਼ਰੂਰੀ ਹੈ। ਉਹ ''ਤੁਹਾਨੂੰ ਇਕ ਆਦਰਸ਼ ਦੇ ਗਿਆ ਹੈ, ਕਿ ਤੁਸੀਂ ਵੀ ਉਸ ਦੇ ਪਿੱਛੇ ਚੱਲੋ'' (1 ਪਤਰਸ 2:21)। ਇਹ ਅਸਾਨ ਨਹੀਂ ਹੋਵੇਗਾ (ਰਸੂਲਾਂ ਦੇ ਕੰਮ 14:22), ਪਰ ਉਸ ਦਾ ਚੇਲਾ ਬਣਨ ਲਈ, ''ਘੱਟੋ ਘੱਟ ਸ਼ਰਤ ਇਹੀ ਹੈ!''

## ਸਾਰ

ਅਸੀਂ ਚੇਲਾ ਬਣਨ ਦੀਆਂ ਕਈ ਸ਼ਰਤਾਂ ਵੇਖੀਆਂ ਹਨ।

ਸਾਨੂੰ ਕੁਝ ਸਿੱਖਣਾ ਜ਼ਰੂਰੀ ਹੈ: ਵਚਨ ਦੇ ਵਿਦਿਆਰਥੀ ਬਣਨਾ ਜ਼ਰੂਰੀ ਹੈ।

ਸਾਨੂੰ ਕੁਝ ਸਮਝਣਾ ਜ਼ਰੂਰੀ ਹੈ: ਇਹ ਸਮਝਣਾ ਜ਼ਰੂਰੀ ਹੈ ਕਿ ਯਿਸੂ ਸਾਡੀਆਂ ਜ਼ਿੰਦਗੀਆਂ ਦਾ ਪ੍ਰਭੂ ਹੈ।

ਕੁਝ ਮੰਨਣਾ ਲਾਜ਼ਮੀ ਹੈ: ਆਪਣੀਆਂ ਕਮਜ਼ੋਰੀਆਂ ਅਤੇ ਮਸੀਹ ਤੇ ਆਪਣੀ ਨਿਰਭਰਤਾ ਨੂੰ ਮੰਨਣਾ ਜ਼ਰੂਰੀ ਹੈ।

ਕੁਝ ਬਦਲਣਾ ਜ਼ਰੂਰੀ ਹੈ: ਆਪਣੀ ਜ਼ਿੰਦਗੀ ਦੀ ਵਫ਼ਾਦਾਰੀ ਨੂੰ ਬਦਲਣਾ ਜ਼ਰੂਰੀ ਹੈ। ਸਾਡੀ ਜ਼ਿੰਦਗੀ ਪ੍ਰਭੂ ਦੀ ਵਡਿਆਈ ਕਰਨ ਅਤੇ ਦੂਜਿਆਂ ਨੂੰ ਉਹਦੇ ਕੋਲ ਲਿਆਉਣ ਲਈ ਹੋਵੇ।

ਸਾਨੂੰ ਕੁਝ ਤਿਆਗਣਾ ਜ਼ਰੂਰੀ ਹੈ: ਸੱਚੇ ਮਨੋਂ ਸੇਵਾ ਕਰਨ ਵਿਚ ਕਿਸੇ ਵੀ ਰੁਕਾਵਟ ਨੂੰ ਦੂਰ ਕਰਨ ਲਈ ਤਿਆਰ ਰਹਿਣਾ ਅਤੇ ਪ੍ਰਭੂ ਤੇ ਭਰੋਸਾ ਰੱਖਣਾ ਜ਼ਰੂਰੀ ਹੈ।

ਕੁਝ ਕੀਤਾ ਜਾਣਾ ਜ਼ਰੂਰੀ ਹੈ: ਸਾਨੂੰ ਉਸ ਦੇ ਪਿੱਛੇ ਚੱਲਣ ਲਈ ਤਿਆਰ ਰਹਿਣਾ ਜ਼ਰੂਰੀ ਹੈ। ਭਾਵੇਂ ਉਹ ਸਾਨੂੰ ਕਿਤੇ ਵੀ ਭੇਜਣਾ ਚਾਹੇ।

ਉਹਦਾ ਚੇਲਾ ਬਣਨ ਲਈ ਜੋ ਕੁਝ ਜ਼ਰੂਰੀ ਹੈ, ਕੀ ਉਹ ਸਾਡੇ ਕੋਲ ਹੈ?[15]

---

ਟਿੱਪਣੀਆਂ

[1]ਯੂਨਾਨੀ ਸ਼ਬਦ ***–tes*** ਨਾਲ ਖ਼ਤਮ ਹੋਣ ਵਾਲੇ ''ਸਿੱਖਣਾ'' ਲਈ ਸ਼ਬਦ ਦਾ ਇਕ ਮਿਸ਼ਰਣ ਹੈ, ਜਿਸ ਤੋਂ ''ਜੋ'' ਦਾ ਸੰਕੇਤ ਮਿਲਦਾ ਹੈ। [2]ਚਾਹੋ ਤਾਂ ਤੁਸੀਂ ਕਹਿ ਸਕਦੇ ਹੋ, ''ਚੇਲਾ ਬਣਨਾ ਸਿੱਖਣ ਲਈ ਕਈ ਪੜਾਵਾਂ ਵਿਚ ਦੀ ਲੰਘ ਸਕਦੇ ਹਾਂ।'' ਤੁਸੀਂ ਪਿਛਲੀ ਆਇਤ ਵਿਚ ਦਿੱਤੇ ਗਏ ਕੁਝ ਸ਼ਬਦਾਂ ਨਾਲ ਯੂਹੰਨਾ 13:35 ਅਤੇ ਯੂਹੰਨਾ 15:8 ਜਿਹੀਆਂ ਆਇਤਾਂ ਨੂੰ ਪੜ੍ਹ ਸਕਦੇ ਹੋ। ਫਿਰ ਇਨ੍ਹਾਂ ਵਿਚ ਜੋੜ ਸਕਦੇ ਹੋ, ''ਪਰ ਤੁਸੀਂ ਆਪਣੇ ਪਾਠ ਲਈ ਲੂਕਾ 5:1–11 ਤੇ ਧਿਆਨ ਦਿਆਂਗੇ।'' [3]ਲੂਕਾ ਵਿਚ ''ਗਨੇਸਰਤ ਦੀ ਝੀਲ'' ਹੈ, ਜੋ ਗਲੀਲ ਦੀ ਝੀਲ ਦਾ ਇਕ ਹੋਰ ਨਾਂਅ ਹੈ। ਕਿਤਾਬ ਦੇ ਵਾਧੂ ਭਾਗ ਵਿਚ ''ਗਲੀਲ ਦੀ ਝੀਲ'' ਤੇ

ਲੇਖ ਵੇਖੋ। [4]ਆਇਤ 8 ਵਿਚ ਯਿਸੂ ਨੂੰ ਸੰਬੋਧਨ ਕਰਨ ਲਈ ਇਹ ਸ਼ਬਦ ਵਰਤਿਆ ਗਿਆ ਹੈ। [5]ਸਮੁੰਦਰ ਵਿਚ ਸੈਂਕੜੇ ਮਛੇਰੇ ਮੱਛੀਆਂ ਫੜ੍ਹਦੇ ਸਨ। [6]ਆਇਤ 7 ਆਖਦੀ ਹੈ ਕਿ ਬੇੜੀਆਂ ''ਡੁੱਬਣ ਲੱਗੀਆਂ'' ਸਨ, ਪਰ ਅਸਲ ਵਿਚ ਡੁੱਬੀਆਂ ਨਹੀਂ ਸਨ। ਹੋ ਸਕਦਾ ਹੈ ਕਿ ਮਛੇਰਿਆਂ ਨੇ ਬੋਝ ਫੇਰ ਤੋਂ ਵੰਡ ਲਿਆ ਹੋਵੇ ਜਾਂ ਹੋਰ ਕੋਈ ਪ੍ਰਬੰਧ ਕੀਤਾ ਹੋਵੇ। [7]ਤੁਸੀਂ ਖ਼ੁਦਾਈ ਹੁਕਮਾਂ ਦੀਆਂ ਉਦਾਹਰਣ ਵੀ ਵੇਖ ਸਕਦੇ ਹੋ, ਜਿਨ੍ਹਾਂ ਦਾ ਕੋਈ ਮਤਲਬ ਨਹੀਂ ਸੀ। ਉਦਾਹਰਣ ਵੱਜੋਂ ਯਰੀਹੋ ਦੀ ਸ਼ਹਿਰਪਨਾਹ ਦੇ ਚੱਕਰ ਲਾਉਣਾ ਜਾਂ ਯਰਦਨ ਵਿਚ ਸੱਤ ਵਾਰ ਚੁੱਭੀ ਮਾਰਨਾ। ਕੁਝ ਲੋਕਾਂ ਨੂੰ ਡੁਬਕੀ ਦੇ ਰੂਪ ਵਿਚ ਬਪਤਿਸਮਾ ਅਤੇ ਹਫ਼ਤੇ ਦੇ ਪਹਿਲੇ ਦਿਨ ਅਤੇ ਪ੍ਰਭੂ ਭੋਜ ਵਿਚ ਹਿੱਸਾ ਲੈਣ ਦੀ ਲੋੜ ਬੇਤੁਕੀ ਲਗਦੀ ਹੈ। [8]''ਆਪਣੇ ਆਪ ਵਿਚ'' ਇਹ ਇਕ ਅਜਿਹਾ ਇਜ਼ਹਾਰ ਹੈ ਜਿਸ ਦਾ ਅਰਥ ''ਘਮੰਡ ਭਰਿਆ'' ਹੈ। ਜਦਕਿ ਮੇਰੇ ਖ਼ਿਆਲ ਨਾਲ ਇਹ ਆਪਣੀ ਵਿਆਖਿਆ ਆਪੇ ਕਰਦਾ ਹੈ ਇਸ ਲਈ ਤੁਸੀਂ ਇਸ ਨਾਲ ਮਿਲਦਾ ਜੁਲਦਾ ਇਜ਼ਹਾਰ ਵਰਤ ਸਕਦੇ ਹੋ, ਜਿਸ ਤੋਂ ਤੁਹਾਡੇ ਸੁਣਨ ਵਾਲੇ ਜਾਣੂ ਹੋਣ। [9]ਮੇਰੀ ਇੰਟਰਲੀਨੀਅਰ ਬਾਈਬਲ ਵਿਚ ਯੂਨਾਨੀ ਦਾ ਮੂਲ ਅਨੁਵਾਦ ਇਹ ਹੈ: ''ਤੁਸੀਂ ਮਨੁੱਖਾਂ ਨੂੰ ਜੀਉਂਦੇ ਲੈਣ ਵਾਲੇ ਹੋਵੇਗੇ।'' [10]ਜਿੱਥੇ ਮੈਂ ਰਹਿੰਦਾ ਹਾਂ, ਉੱਥੇ ਮੈਂ ਕਈ ਆਮ ਕੰਮਾਂ ਦੀ ਸੂਚੀ ਬਣਾਉਂਦਾ ਹਾਂ। ਸੰਸਾਰ ਦੇ ਜਿਸ ਹਿੱਸੇ ਵਿਚ ਤੁਸੀਂ ਰਹਿੰਦੇ ਹੋ, ਉੱਥੋਂ ਦੇ ਕੰਮਾਂ ਨੂੰ ਲੈ ਲਓ।

[11]''ਗਲੀਲ ਦੇ ਉੱਤਰ ਵਿਚ'' ਪਾਠ ਵਿਚ ਚੇਲੇ ਬਣਨ ਦੇ ਚਰਣਾਂ ਤੇ ਚਰਚਾ ਵੇਖੋ। [12]ਤੁਸੀਂ ਮੱਤੀ 18:8, 9 ਦੀ ਮਜ਼ਬੂਤ ਸਿੱਖਿਆ ਸ਼ਾਮਲ ਕਰ ਸਕਦੇ ਹੋ (ਮੱਤੀ 5:29, 30 ਵੀ ਵੇਖੋ)। ਇਹ ਆਇਤ ਆਪਣੇ ਆਪ ਨੂੰ ਲੰਗੜਾ ਲੂਲ੍ਹਾ ਕਰਨ ਦੀ ਸਿੱਖਿਆ ਨਹੀਂ ਦਿੰਦੀ ਹੈ; ਸਗੋਂ ਇਹ ਸਿਧਾਂਤ ਸਿਖਾਉਂਦਾ ਹੈ ਕਿ ਕਿਸੇ ਵੀ ਅਜਿਹੀ ਚੀਜ਼ ਨੂੰ ਜੋ ਪਰਮੇਸ਼ੁਰ ਦੇ ਹੁਕਮ ਤੋੜਨ ਦਾ ਕਾਰਣ ਬਣੇ ''ਕੱਟ ਸੁੱਟਣਾ'' (ਉਸ ਤੋਂ ਪਿੱਛਾ ਛੁਡਾਉਣਾ ਜ਼ਰੂਰੀ ਹੈ)। [13]ਇਨ੍ਹਾਂ ਸਤਰਾਂ ਨੂੰ ਲਿਖਦਿਆਂ ਵੀ, ਮੈਨੂੰ ਪੱਕਾ ਪਤਾ ਹੈ ਕਿ ਮੇਰੇ ਉੱਤੇ ਅਜਿਹੀ ਕੋਈ ਅਜ਼ਮਾਇਸ਼ ਨਹੀਂ ਪਈ ਜਿਹੋ ਜਿਹੀ ਦੂਜੇ ਦੇਸ਼ਾਂ ਵਿਚ ਰਹਿਣ ਵਾਲੇ ਮਸੀਹੀਆਂ ਤੇ ਪੈਂਦੀ ਹੈ। ਯਿਸੂ ਦੇ ਪਿੱਛੇ ਚੱਲਣ ਲਈ, ਉਨ੍ਹਾਂ ਨੂੰ ਬੁਨਿਆਦੀ ਤੌਰ ਤੇ ਅਜਿਹੀ ਹਰ ਚੀਜ਼ ਛੱਡਣੀ ਪੈਣੀ ਸੀ, ਜਿਹੜੀ ਉਨ੍ਹਾਂ ਲਈ ਕੀਮਤੀ ਸੀ। ਯਿਸੂ ਦੇ ਚੇਲੇ ਬਣਨ ਦਾ ਮਤਲਬ, ਗਰੀਬੀ ਅਤੇ ਜਾਂ ਭੁੱਖਮਰੀ ਦੇ ਕਗਾਰ ਤੇ ਰਹਿਣਾ ਸੀ। ਮੇਰਾ ਮਨ ਇਸ ਲਈ ਰੋਂਦਾ ਹੈ ਅਤੇ ਮੈਂ ਸਿਰਫ਼ ਇਹੀ ਕਰ ਸਕਦਾ ਹਾਂ। ''ਦੂਜਿਆਂ ਲਈ ਚੰਗਾ ਨਮੂਨਾ ਬਣਨ ਵਿਚ ਖ਼ੁਦਾ ਤੁਹਾਨੂੰ ਬਰਕਤ ਦੇਵੇ।'' [14]ਮੈਂ ਰਸੂਲਾਂ ਦੀਆਂ ਕਮੀਆਂ ਅਤੇ ਇਸ ਹਕੀਕਤ ਤੋਂ ਜਾਣੂ ਹਾਂ ਕਿ ਯਿਸੂ ਦੇ ਪਿੱਛੇ ਚੱਲਣ ਲਈ ਸਭ ਗੱਲਾਂ ਵਿਚ ਉਨ੍ਹਾਂ ਦੀ ਸਮਝ ਵਧਣੀ ਸੀ। ਫਿਰ ਵੀ ਆਖਰੀ ਨਤੀਜਾ ਉਹੀ ਸੀ ਜੋ ਵਾਕ ਵਿਚ ਆਖਿਆ ਗਿਆ ਹੈ। [15]ਇਸ ਸੰਦੇਸ਼ ਨੂੰ ਵਰਤਦੇ ਹੋਏ ਆਪਣੇ ਸੁਣਨ ਵਾਲਿਆਂ ਨੂੰ ਦਲੇਰ ਕਰੋ ਕਿ ਚੇਲਿਆਂ ਦੇ ਰੂਪ ਵਿਚ ਜੋ ਵੀ ਕਰਨਾ ਜ਼ਰੂਰੀ ਹੈ, ਉਹ ਕਰੋ। ਪਾਠ ਦੀ ਆਖ਼ਰੀ ਮੁੱਖ ਗੱਲ ਦੇ ਆਖ਼ਰੀ ਭਾਗ ਨੂੰ ਵਿਸਥਾਰ ਦਿਓ।